# ਪਰਵਾਸੀ ਕਵਿਤਾ ਵਿਚਲੇ ਵਿਲੱਖਣ ਸੂਤਰ : ਸੋਹੀ ਕਾਵਿ

ਸ਼ਰਨਜੀਤ ਕੌਰ,
ਅਸਿਸਟੈਂਟ ਪ੍ਰੋਫ਼ੈਸਰ,
ਖ਼ਾਲਸਾ ਕਾਲਜ ਫ਼ਾਰ ਵਿਮਨ,
ਅੰਮ੍ਰਿਤਸਰ।

ਪਰਵਾਸ ਆਪਣੇ ਮੂਲਵਾਸ ਨਾਲੋਂ ਨਿੱਖੜ ਕੇ 'ਪਰ' ਅਰਥਾਤ ਪਰਾਈ ਧਰਤ 'ਤੇ ਵਾਸ ਕਰਨ ਦਾ ਵਿਵਿਧ ਵਰਤਾਰਾ ਹੈ, ਜਿਸ ਦੀ ਪਿੱਠਭੂਮੀ ਵਿਚ ਆਰਥਿਕਤਾ ਬੁਨਿਆਦੀ ਰੂਪ ਵਜੋਂ ਕਾਰਜਸ਼ੀਲ ਹੁੰਦੀ ਹੈ। ਇਹ 'ਮੂਲ' ਤੋਂ 'ਪਰ' ਦਾ ਸਫ਼ਰ ਹੰਢਾਉਂਦਾ ਸੰਵੇਦਨਸ਼ੀਲ ਮਨ ਵਿਭਿੰਨ ਪ੍ਰਕਾਰ ਦੇ ਅਨੁਭਵਾਂ ਅਤੇ ਅਹਿਸਾਸਾਂ ਨਾਲ ਦੋ-ਚਾਰ ਹੁੰਦਾ ਹੈ, ਜੋ ਕਦੇ ਤਾਂ ਉਸ ਅੰਦਰ ਦੂਜੈਲਤਾ ਦੇ ਅਹਿਸਾਸ ਵੱਸ ਅੰਦਰਲੀ ਟੁੱਟ-ਭੱਜ ਦਾ ਬਾਇਸ ਬਣਦੇ ਹਨ ਅਤੇ ਕਦੇ-ਕਦੇ 'ਪਰ' ਨਾਲ ਸੰਤੁਲਿਤ ਸੰਵਾਦ ਰਚਾ ਆਪਣੇ 'ਮੂਲ' ਦੇ ਅਸੰਤੁਲਿਤ ਜੀਵਨ ਯਥਾਰਥ ਨੂੰ ਖੁਰੇਦਣ ਲਈ ਪ੍ਰੇਰਿਤ ਕਰਦੇ ਨਜ਼ਰ ਆਉਂਦੇ ਹਨ। ਇਹ ਸਮੁੱਚੀ ਅਨੁਭਵਸ਼ੀਲਤਾ ਕਥਾਰਸਿਸ ਰੂਪ ਵਜੋਂ ਜਦ ਸ਼ਬਦਾਂ ਦਾ ਜਾਮਾ ਪਹਿਨਦੀ ਹੈ ਤਾਂ ਉਹ ਪਰਵਾਸੀ ਸਾਹਿਤ ਦੇ ਆਗਮਨ ਦਾ ਆਧਾਰ ਸ੍ਰੋਤ ਬਣਦੀ ਹੋਈ ਵਸਤੂ ਸਾਮਗ੍ਰੀ ਵਜੋਂ ਆਪਣੀ ਭੂਮਿਕਾ ਅਦਾ ਕਰਦੀ ਨਜ਼ਰ ਆਉਂਦੀ ਹੈ।

ਪਰਵਾਸੀ ਸਾਹਿਤ ਦੀ ਪਰੰਪਰਾ ਦਾ ਪ੍ਰਚਲਨ ਕੋਈ ਅੱਜ ਦੀ ਗੱਲ ਨਹੀਂ ਸਗੋਂ ਇਹ ਵਰਤਾਰਾ ਲਗਭਗ 20ਵੀਂ ਸਦੀ ਦੇ ਅਰੰਭਕ ਦੌਰ ਤੋਂ ਹੀ ਨਿਰੰਤਰ ਪ੍ਰੰਪਰਾ ਦੇ ਰੂਪ ਵਿਚ ਆਪਣੀ ਧਾਂਕ ਜਮਾ ਚੁੱਕਾ ਹੈ। ਅਜੋਕੇ ਦੌਰ ਵਿਚ ਵੀ ਵਿਭਿੰਨ ਪਰਵਾਸੀ ਅਹਿਸਾਸਾਂ ਨਾਲ ਲਬਰੇਜ਼ ਮਨਾਂ ਦਾ ਸ਼ੁਮਾਰ ਇਸਦੇ ਖੇਤਰ ਨੂੰ ਨਿਰੰਤਰ ਮੋਕਲਾ ਕਰ ਰਿਹਾ ਹੈ। ਜਿਨ੍ਹਾਂ ਵਿਚੋਂ ਸਰਬਜੀਤ ਸੋਹੀ ਵੀ ਇਕ ਵਿਸ਼ੇਸ਼ ਕਵੀ ਵਜੋਂ ਆਪਣੇ ਸਾਰਥਕ ਪ੍ਰਯਤਨਾਂ ਅਤੇ ਸੰਤੁਲਿਤ ਭਾਵ-ਅਭਿਵਿਅਕਤੀ ਸਦਕਾ ਵਿਸ਼ੇਸ਼ ਪਛਾਣ ਸਥਾਪਿਤ ਕਰਦਾ ਹੈ। ਸਰਬਜੀਤ ਸੋਹੀ ਆਸਟ੍ਰੇਲੀਆ ਦੀ ਧਰਤੀ 'ਤੇ ਵਸਿਆ ਅਜਿਹਾ ਪਰਵਾਸੀ ਕਵੀ ਹੈ ਜਿਸ ਦੀ ਲਿਖਤ ਇਨਕਲਾਬੀ ਪੈਂਤੜਿਆਂ ਨਾਲ ਲਥ-ਪਥ ਭਾਵੁਕਤਾ ਅਤੇ ਵਿਚਾਰਾਂ ਦਾ ਸੰਤੁਲਿਤ ਸੰਗਮ ਹੈ। ਸਾਹਿਤ ਦੇ ਖੇਤਰ ਵਿਚ ਸੋਹੀ ***ਸੂਰਜ ਆਵੇਗਾ ਕੱਲ੍ਹ ਵੀ*** ਨਾਮਕ ਪਲੇਠੇ ਕਾਵਿ-ਸੰਗ੍ਰਹਿ ਨਾਲ ਪ੍ਰਵੇਸ਼ ਕਰਦਾ ਹੈ, ਉਪਰੰਤ ***ਤਰਕਸ਼ ਵਿਚਲੇ ਹਰਫ਼*** ਅਤੇ ਸੰਪਾਦਨਾ ਕਾਰਜ ਦੀ ਨਿਰੰਤਰਤਾ ਉਸਦੀ ਸਾਹਿਤਿਕ ਘੇਰੇ ਅੰਦਰ ਦਸਤਕ ਨੂੰ ਸਥਾਪਿਤ ਕਰਨ ਦਾ ਬਾਇਸ ਬਣਦੀ ਹੈ। ਦੋ ਕਾਵਿ-ਸੰਗ੍ਰਹਿਆਂ ਦੇ ਅਤਿਰਿਕਤ ਸੰਪਾਦਨਾ ਕਾਰਜ ਵਿਚ ਉਸਦੀਆਂ **ਸਮੁੰਦਰੋਂ ਪਾਰ ਦੇ ਦੀਵੇ, ਅਲਵਿਦਾ ਤੋਂ ਪਹਿਲਾਂ, ਪੰਜਾਂ ਪਾਣੀਆਂ ਦੇ ਗੀਤ, ਸ਼ਬਦਾਂ ਦੀ ਪਰਵਾਜ਼** ਆਦਿ ਪੁਸਤਕਾਂ ਦੇਖੀਆਂ ਜਾ ਸਕਦੀਆਂ ਹਨ। ਉਸਦੀ ਕਲਮ ਪ੍ਰਮੁੱਖ ਤੌਰ 'ਤੇ ਲੋਕ-ਹਿਤੈਸ਼ੀ ਪੈਂਤੜੇ ਦੀ ਸਮੱਰਥਕ ਹੈ। ਉਸਦਾ ਲੋਕ-ਹਿਤੈਸ਼ੀ ਨਜ਼ਰੀਆ ਉਸ ਨੂੰ ਸਮਾਜਿਕ ਯਥਾਰਥ ਦੀਆਂ ਪਿਆਜ਼ ਰੂਪੀ ਪਰਤਾਂ ਨੂੰ ਫਰੋਲਣ ਦਾ ਜਜ਼ਬਾ ਅਤੇ ਹੁਨਰ ਪ੍ਰਦਾਨ ਕਰਦਾ ਹੈ। ਨਤੀਜਨ ਉਸਦੀ ਲਿਖ਼ਤ ਦਮਨਸ਼ੀਲ ਨੀਤੀਆਂ ਵਿਰੁੱਧ ਭਿੜਨ ਦਾ ਕਲਾਮਈ ਸਾਧਨ ਹੋ ਨਿਬੜਦੀ ਹੈ। ਡਾ. ਗੋਪਾਲ ਸਿੰਘ ਬੁੱਟਰ ਇਸ ਸੰਬੰਧੀ ਮੱਤ ਪੇਸ਼ ਕਰਦੇ ਕਹਿੰਦੇ ਹਨ :-

> "ਸਰਬਜੀਤ ਸੋਹੀ ਬੁਨਿਆਦੀ ਤੌਰ 'ਤੇ ਸਮਾਜਵਾਦੀ ਪਹੁੰਚ ਵਾਲੇ ਲੋਕ-ਹਿਤੈਸ਼ੀ ਨਜ਼ਰੀਏ ਤੋਂ ਸਮਾਜਿਕ ਯਥਾਰਥ ਨੂੰ ਦੇਖਣ ਸਮਝਣ ਤੇ ਆਪਣੀਆਂ ਕਾਵਿ-ਕਿਰਤਾਂ ਵਿਚ ਪ੍ਰਤਿਬਿੰਬਤ ਕਰਨ ਵਾਲਾ ਕਵੀ ਹੈ।"[1]

ਜਦ ਅਸੀਂ ਸਰਬਜੀਤ ਸੋਹੀ ਨੂੰ ਲੋਕ-ਹਿਤੈਸ਼ੀ, ਪਾਰਖੂ, ਪਾਰਦਰਸ਼ਕ ਅਤੇ ਸਪਾਟ ਪ੍ਰਵਕਤੇ ਵਜੋਂ ਮੰਨ ਲੈਂਦੇ ਹਾਂ ਇਨ੍ਹਾਂ ਸਾਰੇ ਖ਼ਾਸਿਆਂ ਦੀ ਬਦੌਲਤ ਉਸਦੀ ਲਿਖ਼ਤ ਵਿਚ ਬਾਕੀਆਂ ਨਾਲੋਂ ਵਿਲੱਖਣਤਾ ਦੀ ਭਾਂਅ ਆਉਣੀ ਲਾਜ਼ਮੀ ਬਣ ਜਾਂਦੀ ਹੈ, ਚਲੰਤ ਨਾਲੋਂ ਵੱਖਰਤਾ ਦੇ ਨਕਸ਼ ਉਭਰਣੇ ਸੁਭਾਵਿਕ ਹੋ ਜਾਂਦੇ ਹਨ। ਹਥਲੇ ਮਜ਼ਮੂਨ ਵਿਚ ਸਾਡਾ ਮੰਤਵ ਵੀ ਉਸਦੇ ਚਲੰਤ ਰੁਝਾਣ ਨਾਲੋਂ ਭਾਂਅ ਮਾਰਦੇ ਵਿਲੱਖਣ ਮੁਹਾਂਦਰੇ ਦੀ ਪਛਾਣ ਕਰਨਾ ਹੀ ਹੈ।

ਇਸੇ ਨੁਕਤੇ ਨਿਗਾਹ ਤੋਂ ਜਦ ਅਸੀਂ ਸੋਹੀ ਕਾਵਿ ਸੰਸਾਰ ਨਾਲ ਉਸਦੀ ਵਿਲੱਖਣਤਾ ਜਾਂ ਵੱਖਰਤਾ ਨੂੰ ਸਮਝਣ ਲਈ ਸੰਵਾਦ ਰਚਾਉਂਦੇ ਹਾਂ ਤਾਂ ਸਰਵ-ਪ੍ਰਥਮ ਇਹੀ ਨੁਕਤਾ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਸੋਹੀ ਪਾਸ਼ ਦੀ ਲੀਹੇ ਤੁਰ ਰਿਹਾ ਹੈ। ਉਸ ਅੰਦਰ ਪਾਸ਼ ਦੀ ਕਵਿਤਾ ਦੇ ਨਕਸ਼ੋ-ਨਿਗਾਰ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਸੁਭਾਇਮਾਨ ਹਨ। ਉਸ ਅੰਦਰ ਚਲੰਤ ਦੇ ਮਗਰ ਤੁਰਨ ਦੀ ਉਲਾਰਤਾ ਨਹੀਂ ਸਗੋਂ ਤਰਕ, ਪਰਖ਼ ਅਤੇ ਨੀਝ ਹੈ। ਇਹ ਨੀਝ ਉਸ ਨੂੰ ਬਾਕੀ ਪਰਵਾਸੀ ਸਾਹਿਤਕਾਰਾਂ ਦੇ ਮੁਕਾਬਲਤਨ ਵਿਸ਼ਿਸ਼ਟਟਾ ਪ੍ਰਦਾਨ ਕਰਦੀ ਹੈ। ਪਰਵਾਸੀ ਕਵਿਤਾ ਦੇ ਚਲੰਤ ਰੁਝਾਣ ਵਿਚ ਬਹੁਤਾਤ ਵਿਚ ਮੂਲ ਤੌਰ 'ਤੇ ਪਰਵਾਸੀ ਮਨ ਅੰਦਰ ਆਪਣੇ ਮੂਲ ਵੱਲ ਪਰਤਣ ਦੀ ਤਾਂਘ, ਪਰਾਈ ਧਰਤ 'ਤੇ ਦੂਜੈਲਤਾ ਦਾ ਸੰਤਾਪ, ਖੁਰਦੀ ਹੋਂਦ ਦਾ ਖ਼ਦਸ਼ਾ, ਸੋਚਣੀ ਦੇ ਪਾੜਿਆਂ ਕਾਰਨ ਵੱਧਦਾ ਪਰਿਵਾਰਕ ਸੰਕਟ ਇਤਿਆਦ ਮੁੱਦੇ ਸਾਕਾਰ ਹੁੰਦੇ ਹਨ ਪ੍ਰੰਤੂ ਜਦ ਅਸੀਂ ਸੋਹੀ ਕਾਵਿ ਦਾ ਵਿਵੇਚਨ ਕਰਦੇ ਹਾਂ ਤਾਂ ਇਹ ਸਮਸਤ ਮੁੱਦੇ ਵੱਖਰੀ ਭਾਂਤ ਪੇਸ਼ ਹੁੰਦੇ ਹਨ। ਉਨ੍ਹਾਂ ਅੰਦਰ ਪਰਵਾਸੀ ਰੰਗਣ ਤਾਂ ਜ਼ਰੂਰ ਹੈ ਪ੍ਰੰਤੂ ਉਸ ਰੰਗਣ ਵਿਚਲਾ ਖ਼ਮੀਰ ਜਾਂ ਉਸਦੀ ਤਾਸੀਰ ਵਿਲੱਖਣਤਾ ਦੀ ਧਾਰਨੀ ਹੈ। ਉਹ ਕਿਵੇਂ? ਭੂ-ਹੇਰਵਾ ਜਿਵੇਂ ਕਿ ਅਸੀਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਆਮ ਕਰਕੇ ਪਿੱਛੇ ਮੁੜਨ ਦੀ ਤਾਂਘ, ਬੀਤੇ ਵਿਚ ਜੀਣ ਜਾਂ ਬੀਤੇ ਨੂੰ ਚਿਤਰਣ, ਨਿਹਾਰਨ ਆਦਿ ਦੇ ਅਰਥਾਂ ਵਿਚ ਪੇਸ਼ ਹੁੰਦਾ ਹੈ । ਡਾ. ਲਖਵਿੰਦਰ ਜੌਹਲ ਦੇ ਸ਼ਬਦਾਂ ਵਿਚ ਦੇਖੀਏ ਤਾਂ " 'ਭੂਹੇਰਵਾ' ਕਿਸੇ ਵਿਅਕਤੀ ਦੀ ਆਪਣੇ ਵਿਚਾਰਾਂ ਜਾਂ ਖ਼ਿਆਲਾਂ ਵਿਚ ਅਤੇ ਜਾਂ ਫਿਰ ਸੱਚੀ-ਮੁੱਚੀ ਉਸ ਥਾਂ ਨੂੰ ਮੁੜ ਜਾਣ ਦੀ ਖ਼ਾਹਿਸ਼ ਹੈ ਜਿੱਥੇ ਉਹ ਜ਼ਿੰਦਗੀ ਵਿਚ ਪਹਿਲਾਂ ਕਦੇ ਗਿਆ ਹੋਵੇ ਜਾਂ ਆਪਣੀ ਜ਼ਿੰਦਗੀ ਵਿਚ ਪਹਿਲਾਂ ਕਦੇ ਉੱਥੇ ਰਿਹਾ ਹੋਵੇ।"[2] ਪਰ ਸੋਹੀ ਕਾਵਿ ਦੇ ਸੰਦਰਭ ਵਿਚ ਇਹ ਪਰਿਭਾਸ਼ਾ ਵੱਟਦੀ ਪ੍ਰਤੀਤ ਹੁੰਦੀ ਹੈ। ਕਵੀ ਦਾ ਹੇਰਵਾ ਪਿੱਛੇ ਮੁੜਨ ਦੀ ਤਾਂਘ ਬਣ ਕੇ ਨਹੀਂ ਸਗੋਂ ਪਿੱਛੇ ਦੇ ਅਸਾਵੇਂ ਅਤੇ ਅਸੰਤੁਲਿਤ ਨਿਜ਼ਾਮ, ਵਿਵਸਥਾ ਜਾਂ ਪ੍ਰਬੰਧ ਨੂੰ ਘੋਖਦਾ ਇਕ ਫ਼ਿਕਰ ਦਾ ਰੂਪ ਅਖ਼ਤਿਆਰ ਕਰਦਾ ਵਿਲੱਖਣ ਮੁਹਾਂਦਰੇ ਵਿਚ ਵਿਚ ਪੇਸ਼ ਹੋ ਰਿਹਾ ਹੈ। ਇਹ ਫ਼ਿਕਰ ਉਸਨੂੰ ਆਪਣੇ 'ਮੂਲ' ਦੇ ਲੋਟੂ ਅਤੇ ਦੰਭੀ ਵਰਤਾਰੇ ਨੂੰ ਸਮਝਣ ਅਤੇ ਬੇਪਰਦ ਕਰਨ ਲਈ ਤਤਪਰ ਕਰਦੀ ਹੋਈ ਸਥਾਪਤੀ ਵਿਰੁੱਧ ਵਿਦਰੋਹੀ ਦੇ ਮੁਹਾਂਦਰੇ ਵਿਚ ਸਾਡੇ ਸਾਹਮਣੇ ਪੇਸ਼ ਕਰਦੀ ਹੈ। ਉਸਦੇ ਵਿਦਰੋਹ ਦੇ ਵਿਚੋਂ ਫਿਰ ਇਹ ਧੁਨੀ ਉੱਠਦੀ ਹੈ :

ਝੱਗਾ ਚੁੱਕਿਆ ਤਾਂ ਨੰਗਾ ਹੋਊ,

ਆਪਣਾ ਹੀ ਢਿੱਠ........

ਮੇਰੇ ਦੇਸ਼ !

ਪਰ ਮੈਥੋਂ ਰਿਹਾ ਨੀ ਜਾਂਦਾ,

ਤੇਰੀਆਂ ਫੋਕੀਆਂ ਪ੍ਰਾਪਤੀਆਂ ਤੇ ਟਿੱਪਣੀ ਕੀਤੇ ਬਿਨ੍ਹਾਂ ![3]

ਕਵੀ ਅਜਿਹੇ ਹਿੱਦਸਿਆਂ ਅਤੇ ਹਾਦਸਿਆਂ ਭਰਪੂਰ ਜ਼ਿੰਦਗੀ ਸਾਹਵੇਂ ਸੰਘਰਸ਼ ਦੇ ਆਲਮ ਨੂੰ ਯਕੀਨੀ ਕਰਾਰ ਦਿੰਦਾ, ਸ਼ਾਂਤੀ ਦੇ ਗਲੇਫ਼ ਵਿਚ ਪ੍ਰਗਟ ਹੁੰਦੀ ਦਰਿਦਤਾ ਨੂੰ ਅਪ੍ਰਵਾਨ ਕਰਦਾ ਸੰਘਰਸ਼ ਦੇ ਨਾਅਰੇ ਦੇ ਰੂਪ ਵਿਚ ਮੂਲ ਪ੍ਰਤੀ ਆਪਣੀ ਚਿੰਤਾ, ਆਪਣੇ ਹੇਰਵੇ ਨੂੰ ਰੂਪਮਾਨ ਕਰਦਾ ਹੈ। ਉਸਦੇ ਫ਼ਿਕਰ ਰੂਪੀ ਹੇਰਵੇ ਵਿਚਲੀ ਪੀਕ ਉਸਦੇ ਇਨ੍ਹਾਂ ਨਿਮਨਲਿਖਤ ਬੋਲਾਂ ਤੋਂ ਸਪੱਸ਼ਟ ਰੂਪ ਵਿਚ ਪਛਾਣੀ ਜਾ ਸਕਦੀ ਹੈ:

ਇਸ ਤੋਂ ਪਹਿਲਾਂ ਕਿ

ਬਦਲ ਜਾਵੇ ਜੀਣ ਲਈ ਜ਼ਰੂਰੀ ........

ਜ਼ਿੰਦਗੀ ਦੇ ਸ਼ਬਦਕੋਸ਼ ਦਾ ਹਰ ਸ਼ਬਦ

ਸਾਨੂੰ ਸ਼ਬਦਾਂ ਦੀ ਸਲਾਮਤੀ ਲਈ

ਜੂਝਣਾ ਪਵੇਗਾ ।[4]

ਉਸਦਾ ਆਪਣੀ ਮੂਲ ਧਰਤ ਪ੍ਰਤੀ ਹੇਰਵਾ ਉਸ ਨੂੰ ਪੱਛਮੀ ਸੰਸਕ੍ਰਿਤੀ ਨਾਲ ਸੰਤੁਲਿਤ ਸੰਵਾਦ ਰਚਾਉਣ ਲਈ ਪ੍ਰੇਰਿਤ ਕਰਦਾ ਮੂਲ ਦੇ ਅਸੰਤੁਲਿਤ ਅਕਿਦਿਆਂ ਨੂੰ ਉਘਾੜਨ ਦਾ ਮਾਰਗ ਅਖ਼ਤਿਆਰ ਕਰਦਾ ਹੈ। ਇਹ ਹੇਰਵਾ ਜਾਂ ਉਦਰੇਵਾਂ ਉਸ ਲਈ ਕੁੰਠਾ ਜਾਂ ਮਨੋਸੰਤਾਪ ਬਣਨ ਦੀ ਥਾਂ ਉਸਨੂੰ ਵਿਵੇਚਨੀ ਜ਼ਾਵੀਆ ਪ੍ਰਦਾਨ ਕਰਦਾ ਹੈ । ਜਿਸ ਤਹਿਤ ਉਸ ਅੰਦਰ ਮੂਲ ਵਾਸ ਪ੍ਰਤੀ ਸਾਂਵਾਂਪਣ ਕਾਇਮ ਕਰਨ ਦਾ ਧਹੱਇਆ ਜਨਮ ਲੈਂਦਾ ਹੈ ਫਲਸਰੂਪ ਉਸ ਦੀ ਕਲਮ ਇਨਕਲਾਬੀ ਗਲੇਫ਼ ਦੀ ਜਾਮਨ ਬਣਦੀ ਹੈ। ਉਸਦੇ ਹੇਰਵੇ ਦਾ ਸਤ੍ਰ ਉਸਦੇ ਫ਼ਿਕਰ, ਚਿੰਤਾ, ਰੋਹ, ਆਸ ਦੇ ਪੈਮਾਨਿਆਂ ਵਿਚ ਵਟਦਾ ਹੈ। ਉਹ ਕਿਤੇ ਵੀ ਆਪਣੇ ਆਪ ਨੂੰ ਉਦਾਸ ਪਰਵਾਸੀ ਕਵੀ ਨਹੀਂ ਕਹਿੰਦਾ ਸਗੋਂ ਇਕ ਆਸਵੰਦ ਮਾਦੇ ਵਜੋਂ ਆਪਣੀ ਪਛਾਣ ਸਥਾਪਿਤ ਕਰਦਾ ਹੈ। ਉਸਦੇ ਹੇਰਵੇ ਦਾ ਅਜਿਹਾ ਖ਼ਾਮੀਰ ਉਸਨੂੰ ਬਾਕੀ ਪਰਵਾਸੀ ਸਾਹਿਤਕਾਰਾਂ ਨਾਲੋਂ ਵੱਖਰੀ ਸਫ਼ਾ ਵਿਚ ਲਿਆ ਖਲਾਰਦਾ ਹੈ। ਮਸਲਨ:

ਜੂਝਦੇ ਸਾਥੀਓ!

ਮੈਂ ਹੋਕੇ-ਹਾਵਿਆਂ ਦੇ ,

ਗਿੱਲੇ ਵਿਛੋਣੇ ਤੇ ਸੋਣ ਵਾਲਾ ........

ਕੋਈ ਉਦਾਸ ਪਰਵਾਸੀ ਕਵੀ ਨਹੀਂ

ਮੈਂ ਆਪਣੇ ਸਾਹਾਂ ਵਿਚ,

ਸ਼ੀਤ ਸਿਸਕੀਆਂ ਲਈ ਫਿਰਦਾ !

ਮੈਂ ਯਾਰੜੇ ਦੇ ਸੱਥਰ ਨੂੰ ਯਾਦ ਕਰਕੇ

ਰੋਂਦਾ ਨਹੀਂ ਹਾਂ !

ਉਸਦੀ ਬੇਹਤਰੀ ਲਈ,

ਸਦਾ ਹੀ ਆਸਵੰਦ ਰਹਿੰਦਾ ਹਾਂ[5]

ਇਸੇ ਤਰ੍ਹਾਂ ਜੇਕਰ ਅਸੀਂ ਨਸਲੀ ਵਿਤਕਰੇ ਦੇ ਮੁੱਦੇ ਨੂੰ ਸੋਹੀ ਕਾਵਿ ਵਿਚੋਂ ਪਛਾਣਦੇ ਹਾਂ ਤਾਂ ਇਸਦਾ ਰੂਪ ਵੀ ਚਲੰਤ ਰੁਝਾਣ ਨਾਲੋਂ ਅੱਡਰਾ ਪ੍ਰਤੀਤ ਹੁੰਦਾ ਹੈ । ਆਮ ਤੌਰ ’ਤੇ ਨਸਲੀ ਵਿਤਕਰਾ ਬੇਗ਼ਾਨੀ ਧਰਤੀ ’ਤੇ ਰੰਗ, ਜਾਤ, ਲਿੰਗ ਇਤਿਆਦ ਦੇ ਪਾੜੇ ਕਾਰਨ ਨਿਮਨਤਾ ਦੇ ਅਹਿਸਾਸ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਜੀਓ. ਆਰ. ਫੀਜਨ ਨਸਲੀ ਵਿਤਕਰੇ ਬਾਬਤ ਕਹਿੰਦਾ ਹੈ ਕਿ :

> “ਅਜਿਹੇ ਸਿਧਾਂਤ ਜੋ ਵਿਰਾਸਤੀ ਦ੍ਰਿਸ਼ਟੀਕੋਣ ਤੋਂ ਕਿਸੇ ਨੂੰ ਉੱਤਮ ਜਾਂ ਘਟੀਆ ਸਮਝਦੇ ਹਨ, ਅਜਿਹੀ ਘਟਨਾ ਜੋ ਦੂਸਰਿਆਂ ਨੂੰ ਪ੍ਰਭਾਵਿਤ ਕਰਨ ਜਾਂ ਖ਼ਤਮ ਕਰਨ ਦਾ ਪ੍ਰਦਰਸ਼ਨ ਕਰਦੀ ਹੈ, ਉੱਤਮ ਜਾਂ ਘਟੀਆ ਮਿਥਦੀ ਹੈ; ਨਸਲੀ ਵਿਤਕਰਾ ਅਖਵਾਉਂਦੀ ਹੈ।”[6]

ਪਰਵਾਸੀ ਸਾਹਿਤ ਵਿਚ ਨਸਲੀ ਵਿਤਕਰਾ ਆਮਤੌਰ ’ਤੇ ਪੱਛਮੀ ਲੋਕਾਂ ਦੀ ਪੂਰਬੀ ਲੋਕਾਂ ਪ੍ਰਤੀ ਨਫ਼ਰਤ, ਪ੍ਰਗਟ ਕੀਤੇ ਜਾਂਦੇ ਗਿਲਾਨੀਅਤ ਭਾਵ, ਦੂਜੈਲਤਾ ਦਾ ਅਹਿਸਾਸ ਇਤਿਆਦ ਅਰਥਾਂ ਵਿਚ ਪ੍ਰਚਲਿਤ ਹੈ ਪ੍ਰੰਤੂ ਸੋਹੀ ਕਾਵਿ ਵਿਚਲਾ ਨਸਲੀ ਵਿਤਕਰਾ ਨਿਰੋਲ ਪੱਛਮੀ ਸੰਸਕ੍ਰਿਤੀ ਪ੍ਰਤੀ ਹੀ ਨਹੀਂ ਸਗੋਂ ਆਪਣੀ ਮੂਲ ਧਰਤ ਦੇ ਵਿਤਕਰਾ ਮੂਲਕ ਪ੍ਰਬੰਧ ਪ੍ਰਤੀ ਵੀ ਜ਼ਾਹਿਰ ਹੋ ਰਿਹਾ ਹੈ। ਕਵੀ ਪਰਵਾਸੀ ਸਮਾਜ ਦੀ ਨਿਰਕੁੰਸ਼ਤਾ ਦੇ ਸਮਵਿੱਥ ਮੂਲਵਾਸ ਦੀ ਨਿਰਕੁੰਸ਼ਤਾ ਨੂੰ ਬੇਪਰਦ ਕਰਦਾ ਹੈ। ਭਾਰਤੀ ਨਿਜ਼ਾਮ ਅੰਦਰਲੇ ਜਾਤੀ ਵਿਤਕਰੇ ਦੇ ਵਿਰਾਟ ਪਾਸਾਰ ਸਾਹਵੇਂ ਉਸਨੂੰ ਪੱਛਮੀ ਨਸਲਵਾਦ ਜਾਂ ਨਸਲੀ ਵਿਤਕਰਾ ਓਪਰਾ ਪ੍ਰਤੀਤ ਨਹੀਂ ਹੁੰਦਾ। ਕਵੀ ਪੂਰਬੀ ਨਸਲਵਾਦ ਦੀ ਤਸਵੀਰ ਕੁਝ ਇਸ ਤਰ੍ਹਾਂ ਪੇਸ਼ ਕਰਦਾ ਹੈ :

ਅਸੀਂ ਰੰਗਾਂ ਦਾ ਨਹੀਂ........

ਅੰਗਾਂ ਦਾ ਨਸਲਵਾਦ ਸਹਿਕੇ

ਮਾਵਾਂ ਦੇ ਗਰਭ 'ਚੋਂ ਬਾਹਰ ਨਿਕਲੇ ਹਾਂ!

ਜਮਾਤੀ ਨਸਲਵਾਦ ਹੰਢਾਉਂਦੇ ਹੋਏ

ਦੇਸੋ ਬਾਹਰ ਨਿਕਲੇ ਹਾਂ[7]

ਇਥੇ ਨਾਲ ਹੀ ਕਵੀ ਪੱਛਮੀ ਸੰਸਕ੍ਰਿਤੀ ਪ੍ਰਤੀ ਸਥਾਪਿਤ ਨਸਲੀ ਧਾਰਨਾ ਦਾ ਭੰਜਣ ਕਰਦਾ ਹੋਇਆ ਉਸ ਪ੍ਰਬੰਧ ਦੇ ਹੱਕ ਵਿਚ ਭੁਗਤਦਾ ਦ੍ਰਿਸ਼ਟੀਗੋਚਰ ਹੁੰਦਾ ਹੈ ਜੋ ਉਸਦੀ ਵਿਲੱਖਣਤਾ ਦਾ ਜ਼ਾਹਿਰਾਨਾ ਸ੍ਰੋਤ ਬਣਦਾ ਹੈ ਜਿਵੇਂ ਕਿ :

ਤੁਸੀਂ ਐਵੇਂ...........

ਯਕੀਨ ਨਾ ਕਰਿਆ ਕਰੋ,

ਨਸਲੀ ਭੇਦਭਾਵ ਦੀਆਂ ਖ਼ਬਰਾਂ 'ਤੇ!

ਇੱਥੇ ਹੁਨਰ ਤੋਂ ਉੱਤੇ ਪਦਵੀ ਨਹੀਂ ਹੁੰਦੀ

ਇੱਥੇ ਹਰੇਕ ਟਿੱਪਣੀ ਨਸਲੀ ਨਹੀਂ ਹੁੰਦੀ।[8]

ਕਵੀ ਨੂੰ ਪਰਵਾਸ ਦੀ ਧਰਤੀ ਆਮ ਪ੍ਰਚਲਨ ਵਾਂਗ ਜੇਲ੍ਹ ਪ੍ਰਤੀਤ ਨਹੀਂ ਹੁੰਦੀ ਬਲਕਿ ਨਾਨਕਾ ਘਰ ਪ੍ਰਤੀਤ ਹੁੰਦੀ ਹੈ। ਉਸ ਅੰਦਰਲੀ ਬਲਸ਼ਾਲੀ ਆਤਮਸ਼ਕਤੀ ਉਸਨੂੰ ਸਾਲਮ ਵਿਚਰਨ ਦੀ ਲਿਆਕਤ ਪ੍ਰਦਾਨ ਕਰਦੀ ਹੈ।

ਉਸ ਲਈ ਸਭਿਆਚਾਰਕ ਵਖਰੇਵੇਂ ਦਾ ਖੱਪਾ ਵੀ ਉਸ ਸਮੇਂ ਬੇਮਾਇਨੇ ਹੋ ਜਾਂਦਾ ਹੈ, ਜਦ ਉਸ ਸਾਹਵੇਂ ਭਾਰਤੀ ਨਿਜ਼ਾਮ ਦੀ ਅਜਿਹੀ ਤਸਵੀਰ ਸਪੱਸ਼ਟ ਹੁੰਦੀ ਹੈ। ਉਸ ਦਾ ਅਸੰਤੋਸ਼ ਮੂਲ ਪ੍ਰਤੀ ਹੈ। ਉਹ ਪਰਵਾਸੀ ਸਭਿਆਚਾਰ ਨੂੰ ਬਨਵਾਸ ਨਾ ਮੰਨ ਕੇ ਇਕ ਮੁਕਾਮ ਦੀ ਨਿਆਈਂ ਤਸੱਵਰ ਕਰਦਾ ਹੈ ਅਤੇ ਬਦਲੇ ਵਿਚ, ਮਰ ਰਹੇ ਪੂਰਬੀ ਸਭਿਆਚਾਰ ਪ੍ਰਤੀ ਆਪਣਾ ਤੌਖਲਾ ਜ਼ਾਹਿਰ ਕਰਦਾ ਰੋਹ ਦੀ ਧੁਨ ਅਲਾਪਦਾ ਹੈ। ਉਸਦੀ ਬੇਬਾਕ ਲੇਖਣੀ ਵਿਚੋਂ ਪੂਰਬੀ ਸਭਿਆਚਾਰ ਦੀ ਸੰਕਟਕਾਲੀਨ ਸਥਿਤੀ ਵਿਅੰਗ ਦੀ ਪਾਣ ਹੇਠ ਇਸ ਪ੍ਰਕਾਰ ਰੂਪਮਾਨ ਹੁੰਦੀ ਹੈ :

ਹੈਰਾਨ ਹੈ,

ਭੀਸ਼ਮ ਪਿਤਾਮਾ ਵੀ.......

ਜੋ "ਲਚਰ ਦੇ" ਅੱਗੇ "ਕੱਕਾ" ਲਾ ਕੇ

ਕਲਚਰ ਸ਼ਬਦ ਦੇ ਅਰਥ ਕਰ ਰਿਹਾ ਹੈ

ਕ੍ਰਿਸ਼ਨ ਵੀ ਅੱਖਾਂ ਤੱਤੀਆਂ ਕਰ ਰਿਹਾ ਹੈ

ਅਫ਼ਸੋਸ ਕਿ,

ਸਭਿਆਚਾਰ ਮਰ ਰਿਹਾ ਹੈ।[9]

ਇੱਥੇ ਹੀ ਬਸ ਨਹੀਂ ਉਸ ਦੀ ਨਜ਼ਰੇ ਅਧੂਰੀ ਪ੍ਰੀਤ ਜਾਂ ਪਿਆਰ ਦਾ ਸੰਕਲਪ ਵੀ ਨਿਰਾਸ਼ਾ, ਬਿਰਹਾ, ਪੀੜਾ ਜਾਂ ਮਨੋਸੰਤਾਪ ਦੀ ਵਸਤੂ ਬਣ ਕੇ ਨਹੀਂ ਉਭਰਦਾ ਸਗੋਂ ਉਸਦੀ ਅਧੂਰੀ ਪ੍ਰੀਤ ਉਸਨੂੰ ਅਸਾਵੇਂਪਨ ਨੂੰ ਸਮਝਣ ਅਤੇ ਖੁਰੇਦਣ ਦਾ ਜ਼ਰੀਆ ਬਣਦੀ ਹੈ, ਉਸਦੇ ਕਪਾਟ ਸੁੰਨ ਕਰਨ ਦੀ ਬਜਾਇ ਉਸਨੂੰ ਸੂਝ ਦੀ ਚੇਟਕ ਪ੍ਰਦਾਨ ਕਰਦੀ ਹੈ। ਉਸ ਅੰਦਰ ਪ੍ਰੇਮ ਦੇ ਕੋਮਲ ਅਹਿਸਾਸ ਦੀ ਵਿਦਵਾਨਤਾ ਹੈ ਪ੍ਰੰਤੂ ਇਹ ਪ੍ਰੇਮ ਕਿਤੇ ਵੀ ਵੇਗ ਬਣ ਕੇ ਪੇਸ਼ ਨਹੀਂ ਹੋ ਰਿਹਾ ਬਲਕਿ ਇਸ ਅਹਿਸਾਸ ਵਿਚੋਂ ਚੇਤਨਾ ਜਨਮ ਲੈ ਰਹੀ ਹੈ। ਇਸ ਚੇਤਨਤਾ ਵਿਚੋਂ ਚੌਗਿਰਦੇ ਜਾਂ ਵਰਤਾਰੇ ਪ੍ਰਤੀ ਵਿਦਰੋਹ ਉਪਜ ਰਿਹਾ ਹੈ ਅਤੇ ਵਿਦਰੋਹ ਦੀ ਤਹਿ ਹੇਠ ਸਾਂਵੇਪਣ ਦਾ ਮਰਕਜ਼ ਨਿਹਿਤ ਹੈ। ਸਥਿਤੀਆਂ ਦਾ ਅਸਾਵਾਂਪਨ ਉਸਨੂੰ ਪ੍ਰੇਮ ਦੇ ਰਾਹ ਤੁਰਨ ਤੋਂ ਵਰਜਦਾ ਹੈ। ਉਸਦੀ ਸੋਝੀ ਅੱਗੇ ਸਮੇਂ ਦਾ ਕੁਹਜ ਛੁਪਿਆ ਨਹੀਂ ਹੈ। ਇਹ ਕੁਹਜ ਸ਼ਾਬਦਿਕ ਲਹਿਜ਼ੇ ਵਿਚ ਇਸ ਤਰ੍ਹਾਂ ਰੂਪਮਾਨ ਹੁੰਦਾ ਹੈ :

ਅਜੇ ਮੁਹੱਬਤ ਦੇ ਫੁੱਲਾਂ ਦੇ ਮਾਫ਼ਕ ਨਹੀਂ

ਇਹ ਘੁੱਟਨ ਭਰਿਆ ਮੌਸਮ,

ਅਜੇ ਜ਼ਹਿਰੀਲੀ ਹੈ......

ਜਨੂੰਨੀ ਰਾਤਾਂ ਦੀ ਸ਼ਬਨਮ,

ਅਜੇ ਵਸਲਾਂ ਦੀ ਪੀਂਘ.......

ਪਈ ਹੈ ਹਿਜ਼ਰਾਂ ਦੇ ਟੁੱਟੇ ਟਾਹਣੇ ਤੇ,

ਅਜੇ ਵਫ਼ਾ ਦੀ ਮਹਿੰਦੀ ......

ਤੇਜ਼ਾਬੀ ਹੈ ਤੇਰੀਆਂ ਤਲੀਆਂ ਲਈ[10]

ਜ਼ਿਆਦਾਤਰ ਅਧੂਰੀ ਪ੍ਰੀਤ ਇਕ ਸਥਾਈ ਪੀੜਾ ਬਣਦੀ ਹੈ ਅਤੇ ਕਥਾਰਸਿਸ ਰੂਪ ਵਜੋਂ ਕਲਮ ਨੂੰ ਹਥਿਆਰ ਮਿਥਦੀ ਹੈ। ਇਹ ਪੀੜਾ ਫਿਰ ਬਿਰਹਾ, ਸੰਤਾਪ, ਵਿਰਾਨਗੀ ਇਤਿਆਦੀ ਜਿਹੇ ਭਾਵਾਂ ਦੀ ਜਾਮਨ ਬਣਦੀ ਹੈ। ਪਰੰਤੂ ਸੋਹੀ ਅਧੂਰੀ ਪ੍ਰੀਤ ਨੂੰ ਪੀੜਾ ਨਾ ਬਣਾ ਕੇ ਉਸਨੂੰ 'ਤਾਕਤ' ਦੇ ਰੂਪ ਵਿਚ ਇਸਤੇਮਾਲ ਕਰ ਰਿਹਾ ਹੈ ਜੋ ਕਿ ਉਸਦਾ ਆਮ ਪ੍ਰਚਲਨ ਨਾਲੋਂ ਅੱਡਰਾ ਕਦਮ ਹੈ।

ਜਦ ਸਰਬਜੀਤ ਸੋਹੀ ਕਵੀ ਅਤੇ ਕਵਿਤਾ ਨੂੰ ਪਰਭਾਸ਼ਿਤ ਕਰਨ ਦਾ ਯਤਨ ਕਰਦਾ ਹੈ ਤਾਂ ਉਸਦੀ ਨਜ਼ਰੇ ਕਵਿਤਾ ਮਹਿਜ਼ ਸ਼ਬਦਾਂ ਜਾਂ ਭਾਵਾਂ ਦਾ ਜਮਘਟਾ ਨਹੀਂ ਹੈ ਬਲਕਿ ਕਵਿਤਾ ਉਸ ਲਈ ਵਹਿੰਦਾ ਹੋਇਆ ਲਾਵਾ ਹੈ, ਜੂਝਦੇ ਹੋਏ ਲੋਕਾਂ ਦੀ ਰਹਿਨੁਮਾ ਹੈ, ਚੇਤੰਨ ਸੰਸਾਰ ਦੇ ਰਾਹਗੀਰ ਬਣਨ ਦਾ ਸਾਧਨ ਹੈ ਅਤੇ ਜੋ ਕਵਿਤਾ ਸ੍ਰੋਤੇ ਦੇ ਅੰਦਰ ਕੋਈ ਚਿਣਗ ਪੈਦਾ ਨਹੀਂ ਕਰਦੀ, ਕੋਈ ਹਲਚਲ ਪੈਦਾ ਨਹੀਂ ਕਰਦੀ, ਕਵੀ ਲਈ ਉਹ ਕਵਿਤਾ, ਕਵਿਤਾ ਨਹੀਂ ਬਲਕਿ ਭਰਮ ਮਾਤਰ ਹੀ ਹੈ। ਉਸਦੀ ਜ਼ੁਬਾਨੀ ਕਵਿਤਾ ਦੀ ਪਰਿਭਾਸ਼ਾ ਇਸ ਤਰ੍ਹਾਂ ਪ੍ਰਸਤੁਤ ਹੁੰਦੀ ਹੈ :

ਕਵਿਤਾ ਤਾਂ ਉਹੀ ਹੈ,

ਜੋ ਲਾਇਬ੍ਰੇਰੀ ਦੇ ਰੈਕਾਂ 'ਚੋਂ ਨਿਕਲ ਕੇ

ਜ਼ਿੰਦਗੀ ਲਈ ਜੂਝਦੇ ਹੋਏ......

ਕਾਫ਼ਲਿਆਂ ਦੀ ਰਹਿਨੁਮਾਈ ਕਰਦੀ ਹੈ ![11]

ਇਸੇ ਲੜੀ ਵਿਚ ਜਦ ਸੋਹੀ ਕਵੀ ਦੀ ਪਛਾਣ ਕਰਾਉਂਦਾ ਹੈ ਤਾਂ ਉਸ ਲਈ ਕਵੀ ਹੋਣ ਦੀ ਸ਼ਰਤ 'ਨਿਗਾਹਬਾਨ' ਬਣਨ ਵਿਚ ਦਰਕਾਰ ਹੈ। ਆਮ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਪਰਵਾਸੀ ਕਾਵਿ ਅੰਦਰ ਪਰਾਈ ਧਰਤ 'ਤੇ ਵਿਚਰਦਿਆਂ ਉਦਾਸੀਨਤਾ, ਨਿਰਾਸ਼ਾ, ਉਦਾਸੀ ਆਦਿ ਦੇ ਭਾਵ ਸੁਭਾਵਿਕ ਆ ਜਾਂਦੇ ਹਨ ਪ੍ਰੰਤੂ ਸਰਬਜੀਤ ਸੋਹੀ ਆਸ਼ਾਵਾਦੀ ਸੁਰ ਨੂੰ ਆਦਿ ਤੋਂ ਅੰਤ ਤੱਕ ਨਿਰੰਤਰ ਆਪਣੇ ਨਾਲ ਰੱਖਦਾ ਹੈ। ਉਸ ਅੰਦਰ ਸਥਿਤੀਆਂ ਨਾਲ ਖਹਿੰਦਿਆਂ ਰੋਸ ਤਾਂ ਬੇਸ਼ੱਕ ਹੈ ਪ੍ਰੰਤੂ ਇਸ ਸਾਰੇ ਸਫ਼ਰ ਵਿਚ ਉਸ ਅੰਦਰੋਂ ਆਸ, ਹੌਂਸਲਾ, ਜਜ਼ਬਾ ਕਿਤੇ ਵੀ ਮਨਫੀ ਨਹੀਂ ਹੁੰਦਾ। ਉਸ ਦਾ ਬਲਸ਼ਾਲੀ ਜਜ਼ਬਾ ਉਸ ਨੂੰ ਸੰਘਰਸ਼ ਵਿੱਢਣ ਲਈ ਪ੍ਰੋਤਸਾਹਨ ਦਿੰਦਾ ਹੈ। ਉਸਦੇ ਨਿੱਜ ਦਾ ਅਜਿਹਾ ਬਲ ਸਮੂਹਿਕ ਬਲ ਬਣਨ ਲਈ ਪੂਰਾ ਸਮਰੱਥਾਵਾਨ ਹੈ। ਇਸ ਤੱਥ ਦੀ ਪੁਸ਼ਟੀ ਉਸਦੇ ਅਜਿਹੇ ਲਹਿਜ਼ੇ ਵਿਚੋਂ ਸਹਿਜੇ ਹੀ ਹੋ ਜਾਂਦੀ ਹੈ।

ਲੱਭ ਕੇ ਲਿਆਵਾਂਗੇ ਜ਼ਰੂਰ,

ਆਪਾਂ ਜ਼ਿੰਦਗੀ 'ਚੋਂ ਮਨਫੀ ਹੋ ਗਈ

ਜ਼ਿੰਦਗੀ ਨੂੰ ਮੇਰੇ ਦੋਸਤ!

ਤੂੰ ਬਸ ਜੀਣ ਜੋਗੇ ਸਾਹ ਰੱਖੀ

ਤੂੰ ਬਸ ਜੀਣ ਲਈ ਚਾਹ ਰੱਖੀ[12]

ਫਲਸਰੂਪ ਉਸਦਾ ਇਕ-ਇਕ ਲਫ਼ਜ਼ ਚੰਗਿਆੜੀ ਜਾਂ ਅੰਗਾਰ ਬਣ ਕੇ ਰੂਪਮਾਨ ਹੁੰਦਾ ਹੈ। ਆਸ਼ਾਵਾਦੀ ਨਜ਼ਰੀਏ ਤਹਿਤ ਅਸਾਵੇਂਪਨ ਪ੍ਰਤੀ ਸੰਘਰਸ਼ ਲਈ ਆਵਾਮ ਨੂੰ ਲਾਮਬੰਦ ਕਰਨ ਦਾ ਹੋਕਾ ਦਿੰਦਾ ਕਵੀ ਇਕ ਆਸ਼ਾਵਾਦੀ ਯੋਧੇ ਵਜੋਂ ਆਪਣੀ ਪਛਾਣ ਸਥਾਪਿਤ ਕਰਦਾ ਹੈ । ਇੱਥੇ **ਡਾ. ਅਨੂਪ ਸਿੰਘ** ਦਾ ਕਥਨ ਦੇਖਣਯੋਗ ਹੈ :

> "ਉਸਦੇ ਸ਼ਬਦ ਸਮਾਜ ਵਿਚ ਪਸਰੀ ਹੋਈ ਨਿਰਾਸ਼ਾ ਵਿਚੋਂ ਉੱਪਰ ਉੱਠ ਕੇ ਜੀਣ ਲਈ ਪ੍ਰੇਰਦੇ ਹਨ। ਉਹ ਬੁਲੰਦ ਆਵਾਜ਼ ਨਾਲ ਸਥਾਪਤੀ ਦੇ ਅੱਗੇ ਖੜ੍ਹਦਾ ਹੋਇਆ, ਬਿਹਤਰ ਜੀਵਨ ਹਾਲਾਤਾਂ ਲਈ ਇਨਕਲਾਬੀ ਰਾਹਵਾਂ ਦਾ ਮੁਸਾਫ਼ਿਰ ਬਣ ਕੇ ਤੁਰਦੇ ਰਹਿਣ ਦਾ ਕਾਇਲ ਹੈ।"[13]

ਇਸ ਪ੍ਰਕਾਰ ਸਮੁੱਚੇ ਵਿਚਾਰ ਵਿਮਰਸ਼ ਉਪਰੰਤ ਕਿਹਾ ਜਾ ਸਕਦਾ ਹੈ ਕਿ ਸਰਬਜੀਤ ਸੋਹੀ ਕਰਮਭੂਮੀ 'ਤੇ ਵਿਚਰਦਾ ਆਪਣੀ ਜਨਮਭੂਮੀ ਦੇ ਵਿਰੋਧਾਭਾਸਕ ਵਰਤਾਰੇ ਪ੍ਰਤੀ ਆਪਣੇ ਤੋਖਲਿਆਂ ਨੂੰ ਪ੍ਰਗਟ ਕਰਦਾ ਪਰਾਈ ਧਰਤ ਦੇ ਸੰਗਠਿਤ ਨਿਜ਼ਾਮ ਦੇ ਹੱਕ ਵਿਚ ਭੁਗਤਦਾ ਹੈ। ਉਸ ਨਜ਼ਰੇ ਸਿਰਜਣ ਪ੍ਰਕਿਰਿਆ ਦਾ ਕਾਰਜ ਵਿਸ਼ੇਸ਼ ਪ੍ਰਤੀਬੱਧਤਾ ਦਾ ਲਖ਼ਾਇਕ ਹੈ। ਅਧੂਰੀ ਪ੍ਰੀਤ ਉਸ ਲਈ ਚੇਤਨਾ ਦਾ ਮਰਕਜ਼ ਹੈ। ਆਸਵੰਦ ਰਹਿਣਾ ਉਸਦੀ ਜੀਵਨ ਸ਼ੈਲੀ ਦਾ ਮੁਢਲਾ ਨਿਯਮ ਹੈ। ਇਹ ਸਮੁੱਗ ਪਹਿਲੂ ਉਸਦੀ ਕਲਾ ਪ੍ਰਪੱਕਤਾ, ਸੰਤੁਲਿਤ ਸੋਝੀ ਦੇ ਨਿਸ਼ਾਨਦੇਹ ਤਾਂ ਬਣਦੇ ਹੀ ਹਨ ਨਾਲ ਦੀ ਨਾਲ ਉਸਦੀ ਵਿਲੱਖਣਤਾ ਨਿਰਧਾਰਤ ਕਰਨ ਦਾ ਬਾਇਸ ਬਣਦੇ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। ਜੋ ਪਰਵਾਸੀ ਕਵਿਤਾ ਲਈ ਨਵੀਨ ਪੈੜਾਂ ਦਾ ਪਰਤੌ ਕਹੇ ਜਾ ਸਕਦੇ ਹਨ।

## ਹਵਾਲੇ ਅਤੇ ਟਿੱਪਣੀਆਂ


1. ਪ੍ਰੋ. ਗੋਪਾਲ ਸਿੰਘ ਬੁੱਟਰ, **(ਤਣਾਓ ਦੀ ਸੁਹਜਮਈ ਪੇਸ਼ਕਾਰੀ : ਸੂਰਜ ਆਵੇਗਾ ਕੱਲ੍ਹ ਵੀ),** ਸਰਬਜੀਤ ਸੋਹੀ, ਪੰਨਾ 12.
2. ਡਾ. ਲਖਵਿੰਦਰ ਜੌਹਲ, **ਬਰਤਾਨਵੀ ਪੰਜਾਬੀ ਕਵਿਤਾ ਦੇ ਪਛਾਣ-ਚਿੰਨ੍ਹ,** ਪੰਨਾ 31.
3. ਸਰਬਜੀਤ ਸੋਹੀ, **ਸੂਰਜ ਆਵੇਗਾ ਕੱਲ੍ਹ ਵੀ,** ਪੰਨਾ 84.
4. ਸਰਬਜੀਤ ਸੋਹੀ, **ਤਰਕਸ਼ ਵਿਚਲੇ ਹਰਫ਼,** ਪੰਨਾ
5. **ਉਹੀ,** ਪੰਨਾ 112.
6. Joe. R. Feagin**, Racial and Ethnic Relations,** p. 373.
7. ਸਰਬਜੀਤ ਸੋਹੀ, **ਤਰਕਸ਼ ਵਿਚਲੇ ਹਰਫ਼,** ਪੰਨਾ 114.
8. **ਉਹੀ,** ਪੰਨਾ 113.
9. **ਉਹੀ,** ਪੰਨਾ 63.
10. ਸਰਬਜੀਤ ਸੋਹੀ, **ਸੂਰਜ ਆਵੇਗਾ ਕੱਲ੍ਹ ਵੀ ,** ਪੰਨਾ 36.
11. ਸਰਬਜੀਤ ਸੋਹੀ, **ਤਰਕਸ਼ ਵਿਚਲੇ ਹਰਫ਼,** ਪੰਨਾ 51.
12. **ਉਹੀ,** ਪੰਨਾ 21.
13. ਡਾ. ਅਨੂਪ ਸਿੰਘ, **(ਜਟਿਲ ਯਥਾਰਥ ਦਾ ਸੁਹਜਮਈ ਕਾਵਿਕ ਰੂਪਾਂਤਰਣ- ਤਰਕਸ਼ ਵਿਚਲੇ ਹਰਫ਼),** ਸਰਬਜੀਤ ਸੋਹੀ, ਪੰਨਾ 51.